# ਖੱਬੀ ਧਿਰ ਹੁਣ ਨਹੀਂ ਬੋਲੇਗੀ ਤਾਂ ਕਦੋਂ ਬੋਲੇਗੀ ?

3.5.97

ਗੁਰਸ਼ਰਨ ਸਿੰਘ

50 ਸਾਲ ਦੇਸ਼ ਵਿਚ ਜੋ ਵਰਤਾਰਾ ਚੱਲਿਆ ਹੈ, ਉਹ ਬੁਨਿਆਦੀ ਤੌਰ 'ਤੇ ਗ਼ਰੀਬ ਦੁਸ਼ਮਣ ਸੀ। ਜਿਹੜੀਆਂ ਵੀ ਆਰਥਕ ਨੀਤੀਆਂ ਚੱਲੀਆਂ ਉਹ ਦਾਅਵਾ ਤਾਂ ਕਰਦੀਆਂ ਸਨ ਕਿ ਉਹ ਦੇਸ਼ ਦੀ ਗ਼ਰੀਬੀ ਦੂਰ ਕਰਨਗੀਆਂ ਪਰ ਹੁੰਦਾ ਹਮੇਸ਼ਾ ਇਸ ਦੇ ਉਲਟ ਹੀ ਰਿਹਾ ਹੈ।

ਦਿੱਸਣ ਨੂੰ ਦੇਸ਼ ਵਿਚ ਬਹੁਤ ਕੁੱਝ ਬਣ ਗਿਆ ਹੈ। ਵੱਡੇ-ਵੱਡੇ ਹੋਟਲ, ਆਲੀਸ਼ਾਨ ਬਿਲਡਿੰਗਾਂ, ਖੇਡ ਸਟੇਡੀਅਮ, ਯੂਨੀਵਰਸਿਟੀਆਂ, ਸੈਕਟਰੀਏਟ ਬਣ ਗਏ, ਪਰ ਗ਼ਰੀਬਾਂ ਦੀਆਂ ਬਸਤੀਆਂ ਉਸੇ ਤਰ੍ਹਾਂ ਜ਼ਿੰਦਗੀ ਦੀਆਂ ਸਹੂਲਤਾਂ ਤੋਂ ਵਾਂਝੀਆਂ ਰਹੀਆਂ। ਇਨ੍ਹਾਂ ਬਾਰੇ ਕੌਣ ਬੋਲੇਗਾ? ਅਨਪੜ੍ਹ ਔਰਤਾਂ ਅਨਪੜ੍ਹ ਹੀ ਰਹੀਆਂ, ਗ਼ਰੀਬਾਂ ਦੇ ਬੱਚੇ ਅਨਪੜ੍ਹ ਦੇ ਅਨਪੜ੍ਹ ਹੀ ਰਹੇ। ਵੇਖਦਿਆਂ-ਵੇਖਦਿਆਂ ਵਿੱਦਿਆ ਦਾ ਸਾਰਾ ਸਿਸਟਮ ਢਹਿ-ਢੇਰੀ ਹੋ ਗਿਆ ਹੈ। ਜੇਕਰ ਪੰਜਾਬ ਨੂੰ ਦੇਖੀਏ ਤਾਂ ਇਸ ਦੇ ਹਰ ਪਿੰਡ ਵਿਚ ਹੁਣ ਪਬਲਿਕ ਸਕੂਲ ਖੁੱਲ੍ਹ ਗਏ ਹਨ। ਕੁੱਝ ਸਾਲ ਪਹਿਲਾਂ ਇਨ੍ਹਾਂ ਸਕੂਲਾਂ ਨੂੰ ਵਿੱਦਿਆ ਦੀਆਂ ਦੁਕਾਨਾਂ ਕਿਹਾ ਗਿਆ ਸੀ, ਪਰ ਜਿਸ ਤਰ੍ਹਾਂ ਹਰ ਦੁਕਾਨਦਾਰ ਦੀ ਜ਼ਰੂਰਤ ਹੁੰਦੀ ਹੈ ਕਿ ਉਹ ਦੂਜਿਆਂ ਦੇ ਮੁਕਾਬਲੇ ਆਪਣਾ ਵਪਾਰ ਵਧਾਉਣ ਲਈ ਕੁੱਝ ਵਿਸ਼ੇਸ਼ ਕੋਸ਼ਿਸ਼ਾਂ ਕਰੇ, ਇਸ ਤਰ੍ਹਾਂ ਇਨ੍ਹਾਂ ਪਬਲਿਕ ਸਕੂਲਾਂ ਨੇ ਵੀ ਮਿਹਨਤ ਕਰਕੇ ਚੰਗੇ ਰਿਜ਼ਲਟ ਕੱਢੇ। ਇਨ੍ਹਾਂ ਦੇ ਬੱਚੇ ਪੰਜਵੀਂ, ਅੱਠਵੀਂ ਦੇ ਇਮਤਿਹਾਨਾਂ ਵਿਚ ਪੁਜ਼ੀਸ਼ਨਾਂ ਲੈਣ ਵਿਚ ਵੀ ਕਾਮਯਾਬ ਹੋਏ, ਜਦੋਂ ਕਿ ਸਰਕਾਰੀ ਪ੍ਰਾਇਮਰੀ ਅਤੇ ਮਿਡਲ ਸਕੂਲ ਨਿੱਘਰਦੇ ਹੀ ਗਏ। ਹੁਣ ਹਾਲਤ ਇਹ ਹੈ ਕਿ ਸਰਕਾਰੀ ਸਕੂਲਾਂ ਵਿਚ ਖ਼ਾਸ ਕਰਕੇ ਛੋਟੀਆਂ ਜਮਾਤਾਂ ਵਿਚ ਗ਼ਰੀਬ ਵਰਗ ਦੇ ਬੱਚੇ ਹੀ ਰਹਿ ਗਏ ਹਨ, ਕਿਉਂਕਿ ਉਨ੍ਹਾਂ ਦੇ ਮਾਪੇ ਪਬਲਿਕ ਸਕੂਲਾਂ ਵਾਲੀ ਫੀਸ ਨਹੀਂ ਦੇ ਸਕਦੇ। ਉਨ੍ਹਾਂ ਦੇ ਮਾਪੇ ਵੀ ਉਨ੍ਹਾਂ ਦਾ ਖਿਆਲ ਨਹੀਂ ਰੱਖਦੇ ਤੇ ਨਾ ਹੀ ਅਧਿਆਪਕ ਇਸ ਬਾਰੇ ਧਿਆਨ ਦਿੰਦੇ ਹਨ। ਧਾਰਨਾ ਇਹੀ ਹੈ ਕਿ ਇਨ੍ਹਾਂ ਕਿਹੜਾ ਪੜ੍ਹ-ਲਿਖ ਕੇ ਡਿਪਟੀ ਬਣ ਜਾਣਾ ਏ? ਅਮੀਰ ਤੇ ਗ਼ਰੀਬ ਦਾ ਵਖਰੇਵਾਂ ਹੁਣ ਇੰਨਾ ਵੱਧ ਗਿਆ ਹੈ ਕਿ ਹਿੰਦੁਸਤਾਨ ਦਾ ਸਮਾਜ ਪੂਰੀ ਤਰ੍ਹਾਂ ਨਾਬਰਾਬਰੀ ਦਾ ਸਮਾਜ ਬਣ ਗਿਆ ਹੈ।

ਗ਼ਰੀਬ ਪਛੜੇ ਵਰਗ ਨੂੰ ਵੋਟਾਂ ਦਾ ਹੱਕ ਹੈ ਅਤੇ ਇਨ੍ਹਾਂ ਵਿਚੋਂ ਕੁੱਝ ਲੋਕ ਰਿਜ਼ਰਵੇਸ਼ਨ ਦਾ ਫ਼ਾਇਦਾ ਉਠਾ ਕੇ ਉੱਤੇ ਵੀ ਉੱਠ ਜਾਣਗੇ। ਵਜ਼ੀਰ ਵੀ ਬਣ ਜਾਣਗੇ। ਮਾਇਆਵਤੀ ਮੁੱਖ ਮੰਤਰੀ ਵੀ ਬਣ ਜਾਏਗੀ। ਕਾਂਸ਼ੀ ਰਾਮ ਕੱਲ੍ਹ ਪ੍ਰਧਾਨ ਮੰਤਰੀ ਦਾ ਦਾਅਵੇਦਾਰ ਵੀ ਹੋ ਸਕਦਾ ਹੈ, ਪਰ ਗ਼ਰੀਬ, ਪਛੜੇ, ਝੁੱਗੀਆਂ, ਢਾਰਿਆਂ ਵਿਚ ਰਹਿਣ ਵਾਲੇ ਲੋਕ ਕਦੀ ਵੀ ਉੱਤੇ ਨਹੀਂ ਉੱਠ ਸਕਣਗੇ।

ਇਸ ਮੌਜੂਦਾ ਸਿਸਟਮ ਵਿਚ ਖੱਬੀ ਧਿਰ ਦੀਆਂ ਜਿਹੜੀਆਂ ਦੋ ਮੁੱਖ ਪਾਰਟੀਆਂ ਹਨ, ਉਹ ਬਾਖੂਬੀ ਜਾਣਦੀਆਂ ਹਨ ਕਿ ਜਿੰਨੀ ਦੇਰ ਸਮਾਜ ਦੇ ਵਰਤਾਰੇ ਵਿਚ ਬੁਨਿਆਦੀ ਤਬਦੀਲੀਆਂ ਨਹੀਂ ਕੀਤੀਆਂ ਜਾਂਦੀਆਂ, ਗ਼ਰੀਬ ਵਰਗ ਦੀ ਹਾਲਤ ਵਿਚ ਕੋਈ ਤਬਦੀਲੀ ਨਹੀਂ ਲਿਆਂਦੀ ਜਾ ਸਕਦੀ। ਬਾਕੀ ਸਭ ਲਿੰਬਾ-ਪੋਚੀ ਹੈ। ਇਸ ਲਈ ਖੱਬੀ ਧਿਰ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਭਾਵੇਂ ਸਾਂਝੇ ਫਰੰਟ ਦੀ ਮੈਂਬਰ ਹੈ, ਉਹ ਆਪਣੀਆਂ ਬੁਨਿਆਦੀ ਧਾਰਨਾਵਾਂ ਦੀ ਪੈਰਵੀ ਕਰੇ। ਦਾਅ-ਪੇਚ ਲਈ ਉਹ ਲਾਲੂ, ਮੁਲਾਇਮ, ਗੁਜਰਾਲ ਦੀ ਸਹਾਇਤਾ ਕਰ ਸਕਦੀ ਹੈ ਕਿ ਦੇਸ਼ ਨੂੰ ਫਿਰਕੂ ਤਾਕਤਾਂ ਤੋਂ ਬਚਾਉਣਾ ਹੈ, ਪਰ ਇਹ ਬੁਨਿਆਦੀ ਗੱਲ ਨੂੰ ਨਹੀਂ ਭੁੱਲਣਾ ਚਾਹੀਦਾ ਕਿ ਫਿਰਕੂ ਤਾਕਤਾਂ ਦਾ ਮੁਕਾਬਲਾ ਤਾਂ ਹੀ ਹੋ ਸਕਦਾ ਹੈ ਜੇਕਰ ਕਮਿਊਨਿਸਟ ਆਪਣੇ ਸਮਾਜਕ ਬਰਾਬਰੀ ਵਾਲੇ ਸਿਧਾਂਤ ਨੂੰ ਮੁੱਖ ਮੁੱਦਾ ਬਣਾ ਕੇ ਗ਼ਰੀਬ ਵਰਗ ਦੇ ਲੋਕਾਂ ਦੇ ਮਸੀਹਾ ਬਣ ਕੇ ਉੱਭਰਨ।

ਇਸ ਮੌਜੂਦਾ ਸਿਸਟਮ ਵਿਚ ਖੱਬੀ ਧਿਰ ਦੀਆਂ ਜਿਹੜੀਆਂ ਦੋ ਮੁੱਖ ਪਾਰਟੀਆਂ ਹਨ, ਉਹ ਬਾਖੂਬੀ ਜਾਣਦੀਆਂ ਹਨ ਕਿ ਜਿੰਨੀ ਦੇਰ ਸਮਾਜ ਦੇ ਵਰਤਾਰੇ ਵਿਚ ਬੁਨਿਆਦੀ ਤਬਦੀਲੀਆਂ ਨਹੀਂ ਕੀਤੀਆਂ ਜਾਂਦੀਆਂ, ਗ਼ਰੀਬ ਵਰਗ ਦੀ ਹਾਲਤ ਵਿਚ ਕੋਈ ਤਬਦੀਲੀ ਨਹੀਂ ਲਿਆਂਦੀ ਜਾ ਸਕਦੀ। ਬਾਕੀ ਸਭ ਲਿੰਬਾ-ਪੋਚੀ ਹੈ। ਇਸ ਲਈ ਖੱਬੀ ਧਿਰ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਭਾਵੇਂ ਸਾਂਝੇ ਫਰੰਟ ਦੀ ਮੈਂਬਰ ਹੈ, ਉਹ ਆਪਣੀਆਂ ਬੁਨਿਆਦੀ ਧਾਰਨਾਵਾਂ ਦੀ ਪੈਰਵੀ ਕਰੇ। ਦਾਅ-ਪੇਚ ਲਈ ਉਹ ਲਾਲੂ, ਮੁਲਾਇਮ, ਗੁਜਰਾਲ ਦੀ ਸਹਾਇਤਾ ਕਰ ਸਕਦੀ ਹੈ ਕਿ ਦੇਸ਼ ਨੂੰ ਫਿਰਕੂ ਤਾਕਤਾਂ ਤੋਂ ਬਚਾਉਣਾ ਹੈ, ਪਰ ਇਹ ਬੁਨਿਆਦੀ ਗੱਲ ਨੂੰ ਨਹੀਂ ਭੁੱਲਣਾ ਚਾਹੀਦਾ ਕਿ ਫਿਰਕੂ ਤਾਕਤਾਂ ਦਾ ਮੁਕਾਬਲਾ ਤਾਂ ਹੀ ਹੋ ਸਕਦਾ ਹੈ ਜੇਕਰ ਕਮਿਊਨਿਸਟ ਆਪਣੇ ਸਮਾਜਕ ਬਰਾਬਰੀ ਵਾਲੇ ਸਿਧਾਂਤ ਨੂੰ ਮੁੱਖ ਮੁੱਦਾ ਬਣਾ ਕੇ ਗ਼ਰੀਬ ਵਰਗ ਦੇ ਲੋਕਾਂ ਦੇ ਮਸੀਹਾ ਬਣ ਕੇ ਉੱਭਰਨ।

ਪੰਜਾਬ ਅਸੰਬਲੀ ਤੇ ਹੁਣ ਕਾਰਪੋਰੇਸ਼ਨ ਚੋਣਾਂ ਦੇ ਨਤੀਜੇ ਦੱਸਦੇ ਹਨ ਕਿ ਗ਼ਰੀਬ ਵਰਗ ਹਾਲੇ ਵੀ ਧਰਮ ਦੇ ਨਾਂ 'ਤੇ ਚੱਲਦੀਆਂ ਪਾਰਟੀਆਂ ਪਿੱਛੇ ਜਾਂਦਾ ਹੈ ਤੇ ਇਹ ਤਾਂ ਹੀ ਜਾਂਦਾ ਹੈ ਕਿ ਉਸ ਨੂੰ ਯਕੀਨ ਨਹੀਂ ਆ ਰਿਹਾ ਕਿ ਕਮਿਊਨਿਸਟਾਂ ਕੋਲ ਕੋਈ ਐਸਾ ਵਿਕਲਪ ਹੈ, ਜਿਹੜਾ ਉਨ੍ਹਾਂ ਦੀ ਬੁਨਿਆਦੀ ਹਾਲਤ ਨੂੰ ਬਦਲੇਗਾ। ਕਮਿਊਨਿਸਟਾਂ ਨੂੰ ਆਪਣੇ ਅਚਾਰ ਢੰਗ ਵੀ ਅਤੇ ਆਪਣੇ ਪ੍ਰਚਾਰ ਦਾ ਖੇਤਰ ਵੀ ਬਦਲਣਾ ਪਵੇਗਾ। ਟਰੇਡ ਯੂਨੀਅਨ ਸੰਸਥਾਵਾਂ ਜਾਂ ਕਿਸਾਨ ਸਭਾਵਾਂ ਸਿਧਾਂਤ ਨੂੰ ਲੋਕਾਂ ਤੱਕ ਲਿਜਾਣ ਲਈ ਕਾਫ਼ੀ ਨਹੀਂ।

ਮਿਸਾਲਾਂ ਦੇ-ਦੇ ਕੇ ਇਹ ਸਮਝਾਉਣ ਦੀ ਲੋੜ ਹੈ ਕਿ ਸਾਰਾ ਸਮਾਜਕ ਵਰਤਾਰਾ ਪੈਸੇ ਵਾਲਿਆਂ ਦੀ ਚੁੰਗਲ ਵਿਚ ਹੈ ਤੇ ਜਿੰਨਾ ਚਿਰ ਇਸ ਚੁੰਗਲ ਤੋਂ ਇਹ ਅਜ਼ਾਦ ਨਹੀਂ ਹੁੰਦਾ, ਗ਼ਰੀਬ ਵਰਗ ਦਾ ਭਲਾ ਨਹੀਂ ਹੋ ਸਕਦਾ। ਕਮਿਊਨਿਸਟ ਜੇ ਹੁਣ ਖੁੱਲ੍ਹ ਕੇ ਨਹੀਂ ਬੋਲਣਗੇ ਤਾਂ ਫੇਰ ਕਦੋਂ ਬੋਲਣਗੇ? ਕਮਿਊਨਿਸਟਾਂ ਨੂੰ ਇਕ ਵਿਉਂਤਬੱਧ ਤਰੀਕੇ ਨਾਲ ਆਪਣਾ ਪ੍ਰਚਾਰ ਗ਼ਰੀਬ ਵਰਗ ਤੱਕ ਪਹੁੰਚਾਉਣਾ ਹੈ।